# ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ

ਵੈਬਸਾਈਟ : www.ssapunjab.org || www.epunjabschool.gov.in

ਵੱਲ :

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ. ਅਤੇ ਐ.ਸਿ.),
ਸਮੂਹ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਮੁਖੀ,
ਪੰਜਾਬ।

ਮੀਮੋ ਨੰ :- ਸਸਅ/2012/ਐਮ.ਆਈ.ਐਸ./ਸਾਫਟਵੇਅਰ/4688
ਮਿਤੀ ਚੰਡੀਗੜ੍ਹ 5 ਮਾਰਚ, 2013

ਵਿਸ਼ਾ : ਸਕੂਲਾਂ ਵਲੋਂ ਸਿੱਖਿਆ ਵਿਭਾਗ ਦੀ ਸੋਸ਼ਲ ਨੈਟਵਰਕਿੰਗ ਸਾਈਟ (www.facebook.com/ssaapb) ਨਾਲ ਜੁੜਨ ਸਬੰਧੀ।

1) ਸਿੱਖਿਆ ਵਿਭਾਗ ਵਲੋਂ www.ssapunjab.org ਵੈਬਸਾਈਟ ਉੱਤੇ ਸਮੇਂ ਸਮੇਂ ਸਿਰ ਹਦਾਇਤਾਂ, ਸਰਕੂਲਰ ਆਦਿ ਅਪਲੋਡ ਕੀਤੇ ਜਾਂਦੇ ਹਨ ਤਾਂ ਜੋ ਸਕੂਲਾਂ ਨੂੰ ਵਿਭਾਗ ਅਧੀਨ ਚੱਲ ਰਹੀਆਂ ਗਤੀਵਿਧੀਆਂ ਜਾਂ ਨਵੀਆਂ ਹਦਾਇਤਾਂ ਆਦਿ ਨਾਲ ਜਾਣੂ ਕਰਵਾਇਆ ਜਾ ਸਕੇ। ਵਿਭਾਗ ਦੀ ਇਸ ਵੈਬਸਾਈਟ ਉੱਤੇ ਸਿਰਫ ਵਿਭਾਗ ਵਲੋਂ ਹੀ ਅਪਡੇਟ ਪਾਏ ਜਾ ਸਕਦੇ ਹਨ।

2) ਪੰਜਾਬ ਰਾਜ ਦੇ ਵੱਖ ਵੱਖ ਸਕੂਲਾਂ ਅਧੀਨ ਸਕੂਲ ਪੱਧਰ ਉੱਤੇ ਚੱਲ ਰਹੀਆਂ ਸਿੱਖਿਆ ਸੁਧਾਰ ਗਤੀਵਿਧੀਆਂ, ਪ੍ਰੋਗਰਾਮਾਂ ਆਦਿ ਸਬੰਧੀ ਕਿਸੇ ਕਿਸਮ ਦੀ ਕੋਈ ਜਾਣਕਾਰੀ ਸਕੂਲਾਂ ਵਲੋਂ ਕਿਸੇ ਵੀ ਵੈਬਸਾਈਟ ਜਾਂ ਪੋਰਟਲ ਉੱਤੇ ਅਪਲੋਡ ਨਹੀਂ ਕੀਤੀ ਜਾ ਰਹੀ ਹੈ। ਕਈ ਸਕੂਲਾਂ ਵਲੋਂ ਆਪਣੀ ਵੈਬਸਾਈਟ ਵੀ ਬਣਾਈ ਗਈ ਹੈ ਪਰ ਇਸ ਸਬੰਧੀ ਜਾਣਕਾਰੀ ਆਮ ਤੌਰ ਤੇ ਸਿਰਫ ਸਬੰਧਤ ਸਕੂਲ ਅਧਿਆਪਕਾਂ ਜਾਂ ਵਿਦਿਆਰਥੀਆਂ ਨੂੰ ਹੀ ਹੁੰਦੀ ਹੈ।

3) ਪੰਜਾਬ ਰਾਜ ਵਿੱਚ ਚੱਲ ਰਹੇ ਸਰਕਾਰੀ ਸਕੂਲਾਂ ਦੀਆਂ ਸਿੱਖਿਆ ਸੁਧਾਰ ਤਕਨੀਕਾਂ, ਨੀਤੀਆਂ ਅਤੇ ਗਤੀਵਿਧੀਆਂ ਸਬੰਧੀ ਬਾਕੀ ਸਕੂਲਾਂ ਨੂੰ ਜਾਣੂ ਕਰਵਾਉਣ ਅਤੇ ਇਨ੍ਹਾਂ ਸਕੂਲਾਂ ਨੂੰ ਤਕਨਾਲੋਜੀ ਦੇ ਇੱਕ ਸਾਂਝੇ ਮੰਚ ਨਾਲ ਜੋੜਨ ਲਈ ਸਿੱਖਿਆ ਵਿਭਾਗ ਵਲੋਂ ਸੋਸ਼ਲ ਨੈਟਵਰਕਿੰਗ ਸਾਈਟ (www.facebook.com/ssaapb) ਬਣਾਈ ਗਈ ਹੈ। ਸਕੂਲਾਂ ਵਲੋਂ ਆਪਣੇ ਪੱਧਰ ਉੱਤੇ ਹੀ ਆਪਣੇ ਸਕੂਲ ਸਬੰਧੀ ਜਾਣਕਾਰੀ ਇਸ ਸਾਈਟ ਉੱਤੇ ਅਪਡੇਟ ਕੀਤੀ ਜਾ ਸਕਦੀ ਹੈ ਅਤੇ ਸਕੂਲ ਵਲੋਂ ਸਿੱਖਿਆ ਦੇ ਖੇਤਰ ਵਿਚ ਕੀਤੇ ਜਾ ਰਹੇ ਚੰਗੇ ਕੰਮਾਂ ਸਬੰਧੀ ਜਾਣਕਾਰੀ, ਫੋਟੋਆਂ, ਵੀਡੀਓ ਆਦਿ ਅਪਲੋਡ ਕੀਤੇ ਜਾ ਸਕਦੇ ਹਨ ਤਾਂ ਜੋ ਇਸ ਸਬੰਧੀ ਜਾਣਕਾਰੀ ਬਾਕੀ ਸਕੂਲਾਂ ਨੂੰ ਵੀ ਹੋ ਸਕੇ ਅਤੇ ਉਹ ਵੀ ਇਸ ਤੋਂ ਲਾਭ ਲੈ ਸਕਣ।

4) ਸਿੱਖਿਆ ਵਿਭਾਗ ਦੀ ਇਸ facebook ਸਾਈਟ ਨਾਲ ਜੁੜਨ ਲਈ ਸਕੂਲ ਦਾ ਅਕਾਊਂਟ ਇਸ ਸਾਈਟ ਉੱਤੇ ਹੋਣਾ ਜਰੂਰੀ ਹੈ। ਇਸ ਲਈ ਸਮੂਹ ਸਰਕਾਰੀ ਸਕੂਲਾਂ ਨੂੰ ਲਿਖਿਆ ਜਾਂਦਾ ਹੈ ਕਿ ਉਹ ਉੱਕਤ ਦਰਸਾਈ ਵੈਬਸਾਈਟ (www.facebook.com/ssaapb) ਨਾਲ ਜੁੜਨ ਲਈ ਆਪਣੇ ਆਪਣੇ ਸਕੂਲ ਦਾ facebook ਅਕਾਊਂਟ ਬਨਾਉਣ ਅਤੇ ਸਕੂਲ ਸਬੰਧੀ ਜਾਣਕਾਰੀ ਨੂੰ ਇਸ ਸਾਈਟ ਉੱਤੇ ਅਪਡੇਟ ਕਰਨ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ